# 6 ਮਹੀਨੇ - 4 ਸਾਲ ਦੇ ਬੱਚਿਆਂ ਲਈ ਅੱਪਡੇਟ ਕੀਤੀਆਂ COVID-19 ਵੈਕਸੀਨ ਦੀਆਂ ਸਿਫ਼ਾਰਸ਼ਾਂ



2023-2024 ਦੀ ਅੱਪਡੇਟ ਕੀਤੀ COVID-19 ਵੈਕਸੀਨ ਛੋਟੇ ਬੱਚਿਆਂ ਨੂੰ ਗੰਭੀਰ ਬਿਮਾਰੀ, ਹਸਪਤਾਲ ਵਿੱਚ ਭਰਤੀ ਹੋਣ ਅਤੇ ਇੱਥੋਂ ਤੱਕ ਕਿ COVID-19 ਕਾਰਨ ਮੌਤ ਹੋਣ ਦੇ ਖ਼ਤਰੇ ਤੋਂ ਵੀ ਬਚਾ ਸਕਦੀ ਹੈ। ਅਧਿਐਨਾਂ ਨੇ ਦਿਖਾਇਆ ਹੈ ਕਿ COVID-19 ਦੀਆਂ ਵੈਕਸੀਨਾਂ ਅਸਰਦਾਰ ਤਾਂ ਰਹਿੰਦੀਆਂ ਹਨ, ਪਰ ਸਮੇਂ ਦੇ ਨਾਲ-ਨਾਲ ਉਹਨਾਂ ਦੇ ਸੁਰੱਖਿਆ ਪੱਧਰ ਵਿੱਚ ਗਿਰਾਵਟ ਆਉਣ ਲੱਗਦੀ ਹੈ।

***COVID-19 ਵੈਕਸੀਨੇਸ਼ਨ ਨਾਲ ਅੱਪ-ਟੂ-ਡੇਟ ਰਹਿਣਾ ਇਸ ਸੁਰੱਖਿਆ ਨੂੰ ਜਾਰੀ ਰੱਖਣ ਦਾ ਸਭ ਤੋਂ ਪਰ੍ਭਾਵਸ਼ਾਲੀ ਤਰੀਕਾ ਹੈ।***

ਤੁਹਾਡੇ ਬੱਚੇ ਨੂੰ COVID-19 ਵੈਕਸੀਨ ਨਾਲ ਅੱਪ-ਟੂ-ਡੇਟ ਰਹਿਣ ਲਈ ਕਿੰਨੀਆਂ ਖੁਰਾਕਾਂ ਦੀ ਲੋੜ ਹੈ, ਇਹ ਜਾਣਨ ਲਈ ਇਸ ਚਾਰਟ ਨੂੰ ਦੇਖੋ।

| ਵੈਕਸੀਨ ਦਾ ਬਰ੍ਾਂਡ | ਉਮਰ | ਜਿਹੜੇ ਬੱਚਿਆਂ ਨੇ ਵੈਕਸੀਨ ਪਰ੍ਾਪਤ ਨਹੀਂ ਕੀਤੀ ਹੈ, ਉਹਨਾਂ ਲਈ ਖੁਰਾਕਾਂ | ਜਿਹੜੇ ਬੱਚਿਆਂ ਨੇ ਪਹਿਲਾਂ COVID-19 ਵੈਕਸੀਨ ਪਰ੍ਾਪਤ ਕੀਤੀ ਹੈ |
|---|---|---|---|
| ***Pfizer*** | 6 ਮਹੀਨੇ – 4 ਸਾਲ ਦੇ ਬੱਚੇ | **ਪਹਿਲੀ ਖੁਰਾਕ**: 2023-2024 ਦੀ ਅੱਪਡੇਟ ਕੀਤੀ ਵੈਕਸੀਨ।<br>**ਦੂਜੀ ਖੁਰਾਕ**: ਪਹਿਲੀ ਖੁਰਾਕ ਤੋਂ 3-8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ।<br>**ਤੀਜੀ ਖੁਰਾਕ**: ਦੂਜੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ। | **ਜੇ ਪਹਿਲਾਂ 1 ਖੁਰਾਕ ਪ੍ਰਾਪਤ ਕੀਤੀ ਹੋਈ ਹੈ:**<br>ਮੂਲ ਖੁਰਾਕ ਤੋਂ 3-8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ ਦੂਜੀ ਖੁਰਾਕ।<br>ਦੂਜੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ ਤੀਜੀ ਖੁਰਾਕ।<br>**ਜੇ ਪਹਿਲਾਂ 2 ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਹਨ:**<br>ਆਖਰੀ ਖੁਰਾਕ ਤੋਂ ਘੱਟੋ-ਘੱਟ 8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ। |
| ***Moderna*** | 6 ਮਹੀਨੇ – 4 ਸਾਲ ਦੇ ਬੱਚੇ | **ਪਹਿਲੀ ਖੁਰਾਕ**: 2023-2024 ਦੀ ਅੱਪਡੇਟ ਕੀਤੀ ਵੈਕਸੀਨ।<br>**ਦੂਜੀ ਖੁਰਾਕ**: ਪਹਿਲੀ ਖੁਰਾਕ ਤੋਂ 4-8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ। | **ਜੇ ਪਹਿਲਾਂ 1 ਖੁਰਾਕ ਪ੍ਰਾਪਤ ਕੀਤੀ ਹੋਈ ਹੈ:**<br>ਆਖਰੀ ਖੁਰਾਕ ਤੋਂ 4-8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ 1 ਖੁਰਾਕ।<br>**ਜੇ ਪਹਿਲਾਂ 2 ਜਾਂ ਵੱਧ ਖੁਰਾਕਾਂ ਪ੍ਰਾਪਤ ਕੀਤੀਆਂ ਹਨ:**<br>ਆਖਰੀ ਖੁਰਾਕ ਤੋਂ ਘੱਟੋ-ਘੱਟ 4-8 ਹਫ਼ਤਿਆਂ ਬਾਅਦ 2023-2024 ਦੀ ਅੱਪਡੇਟ ਕੀਤੀ ਵੈਕਸੀਨ ਦੀ 1 ਖੁਰਾਕ। |
| ***Novavax*** | 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ Novavax ਉਪਲਬਧ ਨਹੀਂ ਹੈ। | | |

*ਜੇ ਤੁਹਾਡੀ ਇਮਿਊਨਿਟੀ ਦਰਮਿਆਨੀ ਜਾਂ ਬਹੁਤ ਹੀ ਕਮਜ਼ੋਰ ਹੈ, ਤਾਂ ਤੁਹਾਡੇ ਲਈ ਹਿਦਾਇਤਾਂ ਥੋੜ੍ਹੀਆਂ ਅਲੱਗ ਹੋਣਗੀਆਂ।*

Vaccinate WA

*ਜਿਹੜੇ ਲੋਕਾਂ ਨੂੰ ਹਾਲ ਹੀ ਵਿੱਚ SARS-CoV-2 ਦਾ ਸੰਕਰਮਣ ਹੋਇਆ ਹੈ, **ਉਹ ਲੱਛਣਾਂ ਦੀ ਸ਼ੁਰੂਆਤ ਤੋਂ ਜਾਂ ਪਾਜ਼ੀਟਿਵ ਟੈਸਟ ਆਉਣ ਤੋਂ 3 ਮਹੀਨਿਆਂ ਤੱਕ ਆਪਣੀ COVID-19 ਵੈਕਸੀਨ ਦੀ ਖੁਰਾਕ ਲੈਣ ਵਿੱਚ ਦੇਰੀ ਕਰਨ ਬਾਰੇ ਵਿਚਾਰ ਕਰ ਸਕਦੇ ਹਨ (ਜੇ ਸੰਕਰਮਣ ਲੱਛਣ-ਰਹਿਤ ਸੀ)।** ਅਧਿਐਨਾਂ ਨੇ ਦਿਖਾਇਆ ਹੈ ਕਿ (ਅੰਗਰੇਜ਼ੀ ਵਿੱਚ) ਸੰਕਰਮਣ ਹੋਣ ਅਤੇ ਵੈਕਸੀਨ ਲਗਵਾਉਣ ਦੇ ਵਿਚਕਾਰ ਜੇ ਅੰਤਰਾਲ ਥੋੜ੍ਹਾ ਜ਼ਿਆਦਾ ਹੁੰਦਾ ਹੈ ਤਾਂ ਇਸ ਨਾਲ ਵੈਕਸੀਨ ਬਿਹਤਰ ਪ੍ਰਤੀਰੋਧਕ ਸ਼ਕਤੀ ਪ੍ਰਦਾਨ ਕਰ ਸਕਦਾ ਹੈ। ਇਸ ਤੋਂ ਇਲਾਵਾ, ਇਹ ਵੀ ਦੇਖਿਆ ਗਿਆ ਹੈ ਕਿ ਸੰਕਰਮਣ ਹੋਣ ਤੋਂ ਬਾਅਦ ਕਈ ਹਫ਼ਤਿਆਂ ਤੋਂ ਲੈਕੇ ਕਈ ਮਹੀਨਿਆਂ ਤੱਕ ਮੁੜ ਸੰਕਰਮਣ ਹੋਣ ਦਾ ਜ਼ੋਖ਼ਮ ਘੱਟ ਜਾਂਦਾ ਹੈ। ਸੰਕਰਮਣ ਤੋਂ ਬਾਅਦ ਵੈਕਸੀਨ ਲਗਵਾਉਣ ਲਈ ਕਿੰਨੀ ਉਡੀਕ ਕਰਨੀ ਚਾਹੀਦੀ ਹੈ ਇਹ ਤੈਅ ਕਰਨ ਲਈ ਹਰ ਇੱਕ ਕਾਰਕ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਿਵੇਂ ਕਿ COVID-19 ਕਾਰਨ ਗੰਭੀਰ ਬਿਮਾਰੀ ਹੋਣ ਦਾ ਜ਼ੋਖਮ, COVID-19 ਦਾ ਕਮਿਊਨਿਟੀ ਪੱਧਰ ਜਾਂ ਪ੍ਰਮੁੱਖ SARSCoV-2 ਰੂਪ ਦੀਆਂ ਵਿਸ਼ੇਸ਼ਤਾਵਾਂ।*

Washington State Department of HEALTH

DOH 688-003 | December 2023 Punjabi ਕਿਸੇ ਹੋਰ ਫਾਰਮੈਟ ਵਿੱਚ ਇਸ ਦਸਤਾਵੇਜ਼ ਲਈ ਬੇਨਤੀ ਕਰਨ ਵਾਸਤੇ, 1-800-525-0127 'ਤੇ ਕਾਲ ਕਰੋ।
ਬਹਿਰੇ ਗਾਹਕ ਜਾਂ ਜਿੰਨਹ੍ਹਾਂ ਗਾਹਕਾਂ ਨੂੰ ਉੱਚਾ ਸੁਣਦਾ ਹੈ, ਉਹ ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ doh.information@doh.wa.gov 'ਤੇ ਈਮੇਲ ਕਰੋ।